## ਸਾਖੀ ਹਜ਼ੂਰਾ ਸਿੰਘ ਗ੍ਰਿੰਥੀ [੧] ਸੰਬਾਦ [੨]

ੴ ਸਤਿਗੁਰਪ੍ਰਸਾਦਿ ॥

ਏਕ ਦਫ਼ਾ ਸਚਖੰਡ ਹਜ਼ੂਰ ਸਾਹਿਬ ਦੇ ਅੰਦਰਲੀ ਪ੍ਰਕਰਮਾ ਵਿਚ ਹੈੱਡ ਗ੍ਰਿੰਥੀ ਭਾਈ ਹਜ਼ੂਰਾ ਸਿੰਘ ਜੀ ਨਿਹੰਗ ਸਿੰਘ ਜੀ ਬੈਠੇ ਸਨ। ਇਹ ਗ੍ਰਿੰਥੀ ਸਿੰਘ ਅਕਾਲੀ ਕੌਰ ਸਿੰਘ ਜੀ [੩] ਦੇ ਗੁਰਭਾਈ ਸਨ। ਗੁਰਇਤਹਾਸ ਆਦਿ ਦਸਮ ਦੇ ਗਿਆਨੀ ਸਨ। ਇਨ੍ਹਾਂ ਨੇ ਸ੍ਰਬਲੋਹ ਗ੍ਰਿੰਥ ਜੀ [੪] ਦੀ ਕਥਾ ਬੇਮਿਸਾਲ ਕਰਦੇ ਸੀ। ਉਨ੍ਹਾਂ ਪਾਸ ਇਕ ਦਿਨ ਸੰਗਤ ਬਾਹਰੋਂ ਆਏ ਯਾਤਰੂ ਬੈਠੇ ਸਨ। ਉਸ ਵੇਲੇ ਉਨ੍ਹਾਂ ਨੇ ਪੁਛਿਆ ਮਹਾਰਾਜ ਜੀ ਇੱਥੋਂ ਦਾ ਪ੍ਰਸੰਗ ਸੁਨਾਓ। ਦਸਮ ਪਾਤਿਸ਼ਾਹ ਮਹਾਰਾਜ ਜੀ ਏਥੇ ਕਿਸਤਰ੍ਹਾਂ ਆਏ ਔਰ ਕੀ ਕੌਤਕ ਕੀਤੇ ? ਬਾਬਾ ਹਜ਼ੂਰਾ ਸਿੰਘ ਜੀ ਨੇ ਕਿਹਾ ਕਿ ਸਾਧ ਸੰਗਤ ਜੀ, ਜਿਸਤਰ੍ਹਾਂ ਦੱਖਨ ਦੇਸ਼ [੫] ਵਿਚ ਪਹਿਲੇ ਰਾਮ ਚੰਦਰ ਜੀ [੬] ਔਤਾਰ ਆਏ

---

[੧] ਇਸ ਪੁਸਤਕ ਦੇ ਲੇਖਕ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਨੇ ਇਸ ਪੁਸਤਕ ਵਿੱਚ ਆਮ ਤੌਰ 'ਤੇ 'ਗ੍ਰੰਥ' ਦੇ ਹਿੱਜੇ (ਸਪੈਲਿੰਗ) 'ਗ੍ਰਿੰਥ', ਅਤੇ 'ਗ੍ਰੰਥੀ' ਦੇ ਹਿੱਜੇ 'ਗ੍ਰਿੰਥੀ' ਵਰਤੇ ਹਨ। ਜੋ 'ਗ੍ਰੰਥ' ਦੀ ਸੇਵਾ-ਸੰਭਾਲ ਕਰਦਾ ਹੈ, ਤੇ ਇਸ ਵਿੱਚੋਂ ਪੜ੍ਹਦਾ ਹੈ, ਉਸ ਨੂੰ 'ਗ੍ਰੰਥੀ' ਕਿਹਾ ਜਾਂਦਾ ਹੈ। ਪੁਰਾਤਨ ਸਮੇਂ ਇਸ ਨੂੰ ਆਮ ਤੌਰ 'ਤੇ ਪੁਜਾਰੀ ਵੀ ਕਿਹਾ ਜਾਂਦਾ ਰਿਹਾ ਹੈ। ਹੁਣ ਵੀ ਸ੍ਰੀ ਹਜ਼ੂਰ ਸਾਹਿਬ ਜੀ ਅਤੇ ਹੋਰ ਅਸਥਾਨਾਂ 'ਤੇ ਲਫ਼ਜ਼ 'ਪੁਜਾਰੀ' ਵਰਤਿਆ ਜਾਂਦਾ ਹੈ।

[੨] ਸੰਵਾਦ, ਬਾਤ-ਚੀਤ, ਗੱਲ-ਬਾਤ, ਵਾਰਤਾਲਾਪ।

[੩] ਮੂਲ ਰੂਪ ਵਿੱਚ ਕਸ਼ਮੀਰ ਦੇ ਨਿਵਾਸੀ ਅਕਾਲੀ ਕੌਰ ਸਿੰਘ ਜੀ ਖ਼ਾਲਸਾ ਪੰਥ ਦੀ ਬੜੀ ਮਸ਼ਹੂਰ ਹਸਤੀ ਸਨ। ਇਨ੍ਹਾਂ ਦੀ ਸੰਪਾਦਤ ਰਚਨਾ 'ਤੁਕ ਤਤਕਰਾ' ਇਨ੍ਹਾਂ ਦੀ ਯਾਦ ਨੂੰ ਸਦੀਵੀ ਰੱਖ ਰਹੀ ਹੈ । ੧੯੪੮ ਵਿਚ ਕਸ਼ਮੀਰ ਉੱਤੇ ਹੋਏ ਪਾਕਿਸਤਾਨੀ ਹਮਲੇ ਤੋਂ ਬਾਅਦ ਉਥੋਂ ਦੇ ਸਿੱਖਾਂ ਦੇ ਉਜਾੜੇ ਵੇਲੇ ਅਕਾਲੀ ਜੀ ਨੇ ਸਿੱਖਾਂ ਦੀ ਅਗਵਾਈ ਕਰਦਿਆਂ ਵੱਡੀ ਸੇਵਾ ਕੀਤੀ। ਅਜਿਹਾ ਕਰਦਿਆਂ ਇਨ੍ਹਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਦੇ ਸ਼ਹਿਰ ਪਟਿਆਲਾ ਵਿਖੇ ਅਕਾਲੀ ਜੀ ਨੇ ਆਪਣੀ ਦੇਹ ਦਾ ਤਿਆਗ ਕੀਤਾ।

[੪] ਸ੍ਰੀ ਸਰਬਲੋਹ ਗ੍ਰੰਥ, ਜਿਸ ਦਾ ਮੂਲ ਨਾਮ 'ਸ੍ਰੀ ਮੰਗਲਾਚਰਣ ਪੁਰਾਣ' ਹੈ। ਇਸ ਵਿੱਚ 'ਸਰਬਲੋਹ' ਅਵਤਾਰ ਦੀ ਕਥਾ ਦਿੱਤੀ ਗਈ ਹੈ। ਇਸ ਵਿੱਚ ਖ਼ਾਲਸੇ ਨਾਲ ਸੰਬੰਧਿਤ ਕੁੱਝ ਛੰਦ ਵੀ ਹਨ। 'ਖ਼ਾਲਸਾ ਮੇਰੋ ਰੂਪ ਹੈ ਖ਼ਾਸ' ਵਾਲੀ ਰਚਨਾ ਇਸੇ ਗ੍ਰੰਥ ਦਾ ਹਿੱਸਾ ਹੈ।

[੫] ਭਾਰਤ ਦੇ ਦੱਖਣੀ ਇਲਾਕੇ, ਜਿਸ ਵਿੱਚ ਅਜੋਕਾ ਮਹਾਰਾਸ਼ਟਰ, ਆਂਧਰ ਪ੍ਰਦੇਸ਼, ਤਮਿਲਨਾਡੂ ਤੇ ਕੇਰਲ ਸ਼ਾਮਿਲ ਹਨ, ਪਿੱਛਲੇ ਸਮਿਆਂ ਵਿੱਚ 'ਦੱਖਣ ਦੇਸ਼' ਦੇ ਨਾਮ ਨਾਲ ਜਾਣੇ ਜਾਂਦੇ ਸਨ।

[੬] ਵਿਸ਼ਣੂ ਦੇ ਅਵਤਾਰ ਮੰਨੇ ਜਾਂਦੇ ਰਾਮ ਚੰਦਰ ਜੀ ਨੂੰ ਆਪਣੇ ਪਿਤਾ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਆਪਣੀ ਨਗਰੀ ਅਯੋਧਿਆ ਦਾ ਤਿਆਗ ਕਰ ਕੇ ਜੰਗਲਾਂ ਵਿੱਚ ਨਿਵਾਸ ਕਰਨਾ ਪਿਆ। ਉਨ੍ਹਾਂ ਦੀ ਪਤਨੀ ਸੀਤਾ ਅਤੇ ਭਰਾ ਲਕਸ਼ਮਣ ਵੀ ਉਨ੍ਹਾਂ ਦੇ ਨਾਲ ਹੀ ਜੰਗਲਾਂ ਵਿੱਚ ਨਿਵਾਸ ਕਰਦੇ ਰਹੇ। ਲੰਕਾ ਦੇ ਰਾਜੇ ਰਾਵਣ ਨੇ ਸੀਤਾ ਦਾ ਅਪਹਰਣ ਕੀਤਾ। ਹਨੂਮਾਨ ਨੇ ਖੋਜ ਕੀਤੀ ਕਿ ਸੀਤਾ ਨੂੰ ਅਗਵਾ ਕਰ ਕੇ ਰਾਵਣ ਲੰਕਾ ਵਿੱਚ ਲੈ ਗਿਆ ਹੈ। ਅੰਤ, ਭਾਰੀ ਯੁੱਧ ਵਿੱਚ ਰਾਵਣ ਨੂੰ ਮਾਰ ਕੇ ਸੀਤਾ ਨੂੰ ਮੁਕਤ ਕਰਾਇਆ ਗਿਆ। ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ 'ਚਉਬੀਸ ਅਵਤਾਰ' ਵਿੱਚ ਰਾਮ ਚੰਦਰ ਜੀ ਕਥਾ ਮਨੋਹਰ ਕਵਿਤਾ ਵਿੱਚ ਦਿੱਤੀ ਗਈ ਹੈ।

ਸਨ, ਗੋਦਾਵਰੀ ਦੇ ਕਿਨਾਰੇ ਨਾਸਿਕ [੭] ਰਹੇ ਸਨ । ਔਰ ਇਸ ਇਲਾਕੇ ਵਿਚ ਬਿਚਰਦੇ ਹੋਏ ਨੇ ਹਨੂਮਾਨ ਨੂੰ ਲੰਕਾ ਭੇਜਿਯਾ ਸੀ, ਜਿਸਨੇ ਜਾ ਕੇ ਲੰਕਾ ਸਾੜ੍ਹੀ ਸੀ ਔਰ ਕਈ ਦੈਤਾਂ ਦਾ ਨਾਸ ਕੀਤਾ ਸੀ । ਇਸਤਰ੍ਹਾਂ ਗੁਰੂ ਸਾਹਿਬ ਜੀ ਏਸ ਦੱਖਨ ਦੇਸ ਵਿਚ ਆਕੇ ਬੰਦੇ ਬਹਾਦਰ ਨੂੰ ਪੰਜਾਬ ਭੇਜਿਯਾ ਸੀ । ਜਿਸਨੇ ਜਾ ਕੇ ਚੁਨ ਚੁਨ ਕੇ ਮੁਸਲਮਾਣਾਂ ਰਾਕਸ਼ਾਂ ਨੂੰ ਮਾਰਿਆ ਸੀ ਵਾ ਉਨ੍ਹਾਂ ਦਾ ਨਾਸ ਕੀਤਾ ਸੀ । ਸੰਗਤ ਜੇਹੜੀ ਸੀ, ਉਨ੍ਹਾਂ ਵਿੱਚੋਂ ਏਕ ਪ੍ਰੇਮੀ ਨੇ ਫੇਰ ਬੇਨਤੀ ਕੀਤੀ, 'ਮਹਾਰਾਜ ਜੀ, ਸੁਨਿਆ ਹੈ ਕਿ ਗੁਰੂ ਸਾਹਿਬ ਜੀ ਨੇ ਬਹਾਦਰਸ਼ਾਹ ਨੂੰ ਤੇ ਉਸਦੇ ਭਾਈ ਤਾਰਾ ਆਜ਼ਮ ਨੂੰ ਦੋਹਾਂ ਦਾ ਜੁੱਧ ਕਰਾ ਕੇ ਤਾਰਾ ਆਜ਼ਮ ਨੂੰ ਮਾਰ ਕੇ ਬਹਾਦਰ ਸ਼ਾਹ ਨੂੰ ਰਾਜ ਦੇ ਕੇ ਦਿੱਲੀ ਦਾ ਬਾਦਸ਼ਾਹ ਬਨਾਯਾ [੮] । ਏਹ ਠੀਕ ਹੈ ?' ਬਾਬਾ ਹਜ਼ੂਰਾ ਸਿੰਘ ਜੀ ਹੱਸੇ ਔਰ ਕਹੇ, 'ਸਾਧ ਸੰਗਤ ਜੀ, ਏਹ ਔਤਾਰ ਦੇ ਲੀਲਾ ਹੈ । ਦੇਖੋ ਨਾ, ਰਾਮ ਚੰਦ੍ਰ ਜੀ ਨੇ ਦੋਹਾਂ ਭਰਾਵਾਂ ਦਾ ਜੁੱਧ ਕਰਾਕੇ ਬਾਲੀ ਨੂੰ ਤੀਰ ਮਾਰਕੇ ਮਾਰਿਆ ਸੀ । ਸੁਗਰੀਓ ਭਾਈ ਕੋ ਰਾਜ ਦਿਤਾ ਸੀ । ਸੋ ਭਾਈ, ਔਤਾਰਾਂ ਦੀਆਂ ਲੀਲਾ ਹਨ । ਫੇਰ ਉਨ੍ਹਾਂ ਸੰਗਤ ਵਿਚੋਂ ਏਕ ਸਿੰਘ ਨੇ ਪੁਛਿਆ ਔਰ ਪ੍ਰਸ਼ਨ ਕੀਤਾ ਕਿ ਗ੍ਰਿੰਥੀ ਸਿੰਘ ਸਾਹਿਬ ਜੀ, ਮਹਾਰਾਜ ਜੀ ਨੇ ਤਾਰਾ ਆਜ਼ਮ ਨੂੰ ਮਾਰ ਕੇ ਬਹਾਦਰਸ਼ਾਹ ਨੂੰ ਰਾਜ ਕਿਉਂ ਦਿੱਤਾ ਹੈ ? ਉਸ ਨੂੰ ਭੀ ਮਾਰ ਕੇ ਸਿੰਘਾਂ ਨੂੰ ਰਾਜ ਕਿਉਂ ਨਹੀਂ ਦਿੱਤਾ ? ਜਿਸ ਤੇ ਬਾਬਾ ਹਜ਼ੂਰਾ ਸਿੰਘ ਜੀ ਫੁਰਮਾਇਆ ਕਿ ਬਹਾਦਰਸ਼ਾਹ ਰਾਮ ਰਾਏ ਸਾਹਿਬ [੯] ਦੇ ਵਰ ਨਾਲ ਜਨਮ ਲੀਆ ਸੀ । ਬਹਾਦਰਸ਼ਾਹ ਦੀ ਮਾਤਾ ਔਰੰਗਜ਼ੇਬ ਦੀ ਬੇਗਮ ਦੇ ਔਲਾਦ ਨਹੀਂ ਸੀ । ਉਸਨੇ ਸੁਨਿਆ ਕਿ ਰਾਮ ਰਾਇ ਸਾਹਿਬ ਜੀ ਦਿੱਲੀ ਵਿੱਚ ਆਏ ਹਨ । ਕਰਾਮਾਤ ਦੇ ਧਨੀ ਹਨ । ਹੁਣ ਤਕ ਔਰੰਗਜ਼ੇਬ ਨੂੰ (੭੨) ਬਹੱਤਰ ਕਰਾਮਾਤਾਂ ਦਿਖਾ ਚੁੱਕੇ ਹਨ । ਜ਼ਮਾਨੇ ਦੇ ਅਵਲੀਆ ਪੈਗ਼ੰਬਰ ਹਨ । ਬੇਗਮ ਨੇ ਅਪਨੇ ਗੋਲੀ ਦੇ ਹਾਥੀਂ [੧੦] ਬੇਨਤੀ ਵ ਗੋਲੀ ਦੇ ਜ਼ਰੀਏ ਰਾਮ ਰਾਏ ਜੀ ਪਾਸ ਬੇਨਤੀ ਕੀਤੀ ਸੀ ਕਿ ਪੁੱਤਰ ਦੀ ਦਾਤ ਬਖ਼ਸ਼ੋ । ਰਾਮ ਰਾਏ ਸਾਹਿਬ ਜੀ ਨੇ ਪਹਿਲੀ ਪਉੜੀ ੧ਓਂਦੀ ਲਿਖ ਕੇ ਗੋਲੀ ਦੇ ਹਾਥ ਦਿਤੀ ਔਰ ਫੁਰਮਾਇਆ ਕਿ ਬੇਗਮ ਨੂੰ ਕਹਿਨਾ ਕਿ ਸੂਰਜ ਵਲ ਮੂੰਹ ਕਰਕੇ ਏਹ ਖਾ ਲਵੇ । ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮੇਹਰ ਦਵਾਰਾ ਏਸ ਦੀ ਕੁੱਖੋਂ ਗੁਰੂ ਘਰ ਦਾ ਸੇਵਕ ਪੈਦਾ ਹੋਵੇਗਾ । ਇਸ ਵਾਸਤੇ ਰਾਮ ਰਾਏ ਸਾਹਿਬ ਜੀ ਦੇ ਬਚਨ ਸਤ ਹੋਏ

---

[੭] ਦੱਖਣੀ ਭਾਰਤ ਵਿੱਚ ਇੱਕ ਸ਼ਹਿਰ ।

[੮] ਬਹਾਦਰਸ਼ਾਹ ਅਤੇ ਤਾਰਾ ਆਜ਼ਮ, ਦੋਵੇਂ ਬਾਦਸ਼ਾਹ ਔਰੰਗਜ਼ੇਬ ਦੇ ਪੁੱਤਰ ਸਨ । ਉਮਰ ਵਿੱਚ ਵੱਡਾ ਹੋਣ ਕਰਕੇ ਬਹਾਦਰਸ਼ਾਹ ਹੀ ਰਾਜ-ਤਖ਼ਤ ਦਾ ਅਸਲ ਹੱਕਦਾਰ ਸੀ ।

[੯] ਰਾਮਰਾਇ ਸਿੱਖਾਂ ਦੇ ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪੁੱਤਰ ਸਨ । ਗੁਰੂ ਸਾਹਿਬ ਨੂੰ ਜਦ ਔਰੰਗਜ਼ੇਬ ਨੇ ਆਪਣੇ ਦਰਬਾਰ ਵਿੱਚ ਬੁਲਾਇਆ, ਤਾਂ ਗੁਰੂ ਜੀ ਨੇ ਆਪ ਨਾ ਜਾ ਕੇ ਆਪਣੇ ਪੁੱਤਰ ਰਾਮਰਾਇ ਨੂੰ ਭੇਜਿਆ । ਰਾਮਰਾਇ ਨੇ ਔਰੰਗਜ਼ੇਬ ਦੇ ਦਰਬਾਰ ਵਿੱਚ ਚੰਗੀ ਇੱਜ਼ਤ ਬਣਾ ਲਈ । ਇੱਕ ਦਿਨ ਵੀਚਾਰ-ਚਰਚਾ ਦੌਰਾਨ ਰਾਮਰਾਇ ਨੇ ਗੁਰਬਾਣੀ ਦੀ ਇੱਕ ਪੰਕਤੀ ਵਿੱਚੋਂ ਇੱਕ ਲਫ਼ਜ਼ ਨੂੰ ਬਦਲ ਕੇ ਉਚਾਰ ਦਿੱਤਾ । ਇਸ ਦੋਸ਼ ਕਾਰਣ ਗੁਰੂ ਹਰਿਰਾਇ ਸਾਹਿਬ ਜੀ ਨੇ ਰਾਮਰਾਇ ਦਾ ਸਦਾ ਲਈ ਤਿਆਗ ਕਰ ਦਿੱਤਾ । ਇਹ ਬੜਾ ਪ੍ਰਸਿੱਧ ਹੈ ਕਿ ਰਾਮਰਾਇ ਨੇ ਔਰੰਗਜ਼ੇਬ ਦੇ ਦਰਬਾਰ ਵਿੱਚ ਕੁੱਲ ੭੨ ਕਰਾਮਾਤਾਂ ਦਿਖਾਈਆਂ । 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵੀ ਇਸ ਗੱਲ ਦਾ ਵਿਸਥਾਰ ਨਾਲ ਜ਼ਿਕਰ ਕਰਦਾ ਹੈ । ਮੇਰਾ ਆਪਣਾ ਵੀਚਾਰ ਹੈ ਕਿ ਇਹ ਸਭ ਰਾਮਰਾਇ ਨਾਲ ਸੰਬੰਧਿਤ ਮਸੰਦਾਂ ਦਾ ਕੀਤਾ ਪ੍ਰਚਾਰ ਸੀ, ਜੋ ਸਿੱਖਾਂ ਵਿੱਚ ਵੀ ਪ੍ਰਚੱਲਿਤ ਹੁੰਦਾ ਗਿਆ । ਖ਼ਾਲਸਾ ਜੀ ਨੂੰ ਜਿਨ੍ਹਾਂ 'ਪੰਜ ਮੇਲ' ਦਾ ਤਿਆਗ ਕਰਨ ਲਈ ਕਿਹਾ ਗਿਆ ਹੈ, ਉਨ੍ਹਾਂ ਵਿੱਚ ਰਾਮਰਾਈਏ ਵੀ ਸ਼ਾਮਿਲ ਹਨ । ਇਸਲਈ, ਖ਼ਾਲਸਾ ਰਾਮਰਾਇ ਦੇ ਮੰਨਣ ਵਾਲਿਆਂ ਨਾਲ ਸੰਬੰਧ ਨਹੀਂ ਰੱਖਦਾ ।

[੧੦] ਹੱਥੀਂ, ਰਾਹੀਂ ।

ਔਰ ਗੁਰੂ ਸਾਹਿਬ ਕਲਗੀਧਰ ਸਾਹਿਬ ਦਾ ਸੇਵਕ ਬਨਿਆ ਹੈ । ਮਹਾਰਾਜ ਜੀ ਦਾ ਬਚਨ ਹੈ ਕਿ ' ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥' [੧੧]

## ਦੀਵਾਲੀ ਦਾ ਪ੍ਰਸੰਗ

ਫੇਰ ਏਕ ਵਾਰੀ ਬਾਹਰੋਂ ਆਏ ਯਾਤਰੂ ਸੰਗਤਾਂ ਨੇ ਬਾਬਾ ਹਜ਼ੂਰਾ ਸਿੰਘ ਗ੍ਰਿੰਥੀ ਜੀ ਤੋਂ ਪੁੱਛਿਆ ਕਿ ਮਹਾਰਾਜ ਜੀ, ਦੀਵਾਲੀ ਦਾ ਇਤਹਾਸ ਸੁਨਾਓ, ਹਜ਼ੂਰ ਸਾਹਿਬ ਵਿਚ ਕਦ ਤੋਂ ਮਨਾਈ ਜਾਂਦੀ ਹੈ ? ਬਾਬਾ ਹਜ਼ੂਰਾ ਸਿੰਘ ਜੀ ਨੇ ਫ਼ੁਰਮਾਯਾ ਕਿ ਭਾਈ ਗੁਰਸਿਖੋ ਪ੍ਰੇਮੀਓ, ਜਿਸ ਵਕਤ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਬੰਦੇ ਬਹਾਦਰ ਨੂੰ ਪੰਜਾਬ ਭੇਜਿਆ ਸੀ, ਉਸ ਨੂੰ ਜੇੜ੍ਹੀ ਜੇੜ੍ਹੀ ਸੇਵਾ ਉਸ ਦੇ ਸਪੁਰਦ ਕੀਤੀ ਸੀ, ਸਾਰੀ ਪੂਰੀ ਕਰਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਵਜ਼ੀਰ ਖ਼ਾਂ [੧੨] ਨੂੰ ਜ਼ਿੰਦਾ ਸਾੜਿਆ, ਸਾਹਿਬਜ਼ਾਦਿਆਂ ਦਾ ਬਦਲਾ ਲੈ ਕੇ ਔਰ ਭੀ ਜ਼ੁਲਮ ਹੰਕਾਰੀਆਂ ਨੂੰ ਚੁਨ ਚੁਨ ਕੇ ਮਾਰੇ ਸੀ; ਔਰ ਸਰਹੰਦ ਦੇ ਕਿਲੇ ਤੇ ਖ਼ਾਲਸਾਈ ਬਸੰਤੀ ਨਿਸ਼ਾਨ ਝੂਲਾਯਾ ਸੀ ਔਰ ਪਹਾੜੀ ਰਾਜਿਆਂ ਦੀ ਭੀ ਸੋਧ ਸੁਧਾਈ ਕੀਤੀ ਸੀ, ਅੱਗੇ ਵਾਸਤੇ ਕੰਨਾਂ ਨੂੰ ਹਾਥ ਲਵਾਏ ਸੀ, ਔਰ ਨੱਕਾਂ ਨਾਲ ਲਕੀਰਾਂ ਕਢਵਾਈਆਂ ਸੀ, ਏਹ ਸਾਰਾ ਹਾਲ ਬੰਦੇ ਬਹਾਦਰ ਨੇ ਲਿਖਕੇ ਦਸ਼ਮੇਸ਼ ਪਾਤਸ਼ਾਹ ਜੀ ਦੇ ਪਾਸ ਦੋ ਸਿੰਘਾਂ ਦੇ ਹੱਥੀ ਚਿੱਠੀ ਦੇਕਰ ਭੇਜਿਆ ਕਿ ਮਹਾਰਾਜ ਜੀ ਆਪ ਦੇ ਬਲ ਦੁਆਰਾ ਔਰ ਆਪੁ ਦੀ ਬਖ਼ਸ਼ਿਸ਼ ਦੁਵਾਰਾ ਜੋ ਸੇਵਾ ਆਪਨੇ ਸੇਵਕ ਨੂੰ ਸੌਂਪੀ ਸੀ, ਓਹ ਆਪ ਦੀ ਅਪਾਰ ਕ੍ਰਿਪਾ ਦੁਵਾਰਾ ਪੂਰੀ ਹੋਈ, ਜਿਸ ਦਾ ਵਿਸਤਾਰ ਖ਼ੁਲਾਸਾ ਏਸ ਚਿੱਠੀ ਵਿਚੁ ਹੈ । ਏਹ ਚਿੱਠੀ ਲੈ ਕੇ ਦੋਵੇਂ ਸਿੰਘ ਮੰਜ਼ਲਾਂ ਕਰਦੇ ਹੋਏ, ਨਦੀਆਂ, ਪਹਾੜ, ਜੰਗਲ ਦਾ ਰਸਤਾ ਤੈਹਿ ਕਰਦੇ ਹੋਏ ਦਿਵਾਲੀ ਤੋਂ ਪੰਜ ਦਿਨ ਪਹਿਲਾਂ ਹਜ਼ੂਰ ਸਾਹਿਬ ਪਹੁੰਚੇ । ਏਹ ਸਿੰਘਾਂ ਨੇ ਸਫ਼ਰ ਬਹੁਤ ਜਲਦੀ ਮੁਕਾਯਾ ਸੀ, ਕਿਉਂਕਿ ਇਨ੍ਹਾਂ ਸਿੰਘਾਂ ਨੂੰ ਮਹਾਰਾਜ ਜੀ ਦੇ ਦਰਸ਼ਨਾਂ ਦੀ ਖਿੱਚ ਲੱਗੀ ਹੋਈ ਸੀ ਕਿ ਕਦੋਂ ਹਜ਼ੂਰ ਸਾਹਿਬ ਪਹੁੰਚਾਂਗੇ ਔਰ ਦਸ਼ਮੇਸ਼ ਪਿਤਾ ਜੀ ਦੇ ਚੂਨਾਂ ਤੇ ਸੀਸ ਰੱਖਾਂਗੇ ਔਰ ਉਨ੍ਹਾਂ ਦੇ ਮੇਹਰ ਭਰਿਆ ਹੱਥ ਸਾਡੇ ਸਿਰ ਤੇ ਫਿਰੇਗਾ ਔਰ ਰਜ ਰਜ ਕੇ ਦਰਸ਼ਨ ਕਰਾਂਗੇ । ਜਦੋਂ ਸਿੰਘ ਮਹਾਰਾਜ ਜੀ ਦੇ ਦੀਵਾਨ ਵਿੱਚ ਆਏ ਔਰ ਮਹਾਰਾਜ ਉਸ ਵਕਤ ਸਿੰਘਾਸਨ ਤੇ ਬਿਰਾਜਮਾਨ ਸਨ । ਸਿੰਘਾਂ ਨੇ ਅੱਗੇ ਹੋ ਕੇ ਚਰਨਾਂ ਤੇ ਸੀਸ ਰੱਖ ਦਿੱਤੇ ਔਰ ਮਹਾਰਾਜ ਜੀ ਦੇ ਚਰਨ ਫੜ ਲੀਤੇ । ਉਸ ਟੈਮ ਦਾ ਰਸ ਔਰ ਅਨੰਦ ਯਾ ਮਹਾਰਾਜ ਜਾਨਣ ਯਾ ਸਿੱਖ ਜਾਨਣ । ਏਸ ਅਨੰਦ ਨੂੰ ਸਰੀਮ ਨੂੰ ਸੁਰਸਤਿ [੧੩] ਭੀ ਵਰਨੰਨ ਕਰਨ ਨੂੰ ਅਸਮ੍ਰਥ ਹੈ । ਉਸ ਵਕਤ ਮਹਾਰਾਜ ਜੀ ਦੇ ਹੱਥ ਬੰਦੇ ਦੀ ਭੇਜੀ ਹੋਈ ਚਿੱਠੀ ਦਿੱਤੀ । ਮਹਾਰਾਜ ਜੀ ਨੇ ਅਪਨੇ ਨਿਕਟਵਰਤੀ ਸਿੰਘ ਦੇ ਹੱਥ ਦਿਤੀ ਔਰ ਫ਼ੁਰਮਾਯਾ ਕਿ ਚਿੱਠੀ ਦੀਵਾਨ ਵਿਚ ਸੁਨਾ ਦੋ। ਚਿੱਠੀ ਜਦ ਦੀਵਾਨ ਵਿਚ ਸੁਨਾਈ ਗਈ, ਉਸ ਵਕਤ ਸ੍ਰਬਤ ਖ਼ਾਲਸਾ ਜੀ ਖ਼ੁਸ਼ੀ ਦੇ ਜੈਕਾਰੇ ਨਾਲ ਅਸਮਾਨ ਗੁੰਜਾ ਦਿੱਤਾ ।

---

[੧੧] ਬਿਹਾਗੜਾ ਮਹਲਾ ੫, ਪੰਨਾ ੫੪੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੨] ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਸਰਹਿੰਦ ਦਾ ਸੂਬੇਦਾਰ (ਗਵਰਨਰ), ਜਿਸ ਦਾ ਨਾਮ 'ਵਜੀਦ ਖ਼ਾਨ' ਵੀ ਆਇਆ ਹੈ । ਇਸੇ ਦੇ ਹੁਕਮ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁੱਤਰਾਂ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬ ਫ਼ਤਹਿ ਸਿੰਘ ਜੀ, ਨੂੰ ਸ਼ਹੀਦ ਕੀਤਾ ਗਿਆ ਸੀ ।

[੧੩] 'ਸਰਸਵਤੀ', ਜੋ ਵਿਦਿਆ ਦੀ ਦੇਵੀ ਮੰਨੀ ਜਾਂਦੀ ਹੈ ।

ਉਸ ਰਾਤ ਦੀਪਮਾਲਾ ਕੀਤੀ ਗਈ ਔਰ ਪੰਜ ਦਿਨ ਲਗਾਤਾਰ ਹੁੰਦੀ ਰਹੀ । ਆਖ਼ੀਰਲੇ ਦਿਨ ਜਲੂਸ ਮਹਿਲਾ [੧੪] ਖੇਡਿਆ ਗਿਆ ।

ਨੋਟ: - ਦਿਵਾਲੀ ਦਾ ਸੰਬੰਧ ਗੁਰ ਇਤਹਾਸ ਵਿਚ ਛੇਵੇਂ ਪਾਤਸ਼ਾਹ ਨਾਲ ਭੀ ਸੰਬਧ ਰਖਦਾ ਹੈ । ਜਿਸ ਵਕਤ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ [੧੫] ਦੇ ਕਿਲ੍ਹੇ ਤੋਂ (੫੨) ਬਵੰਜਾ ਰਾਜਿਆਂ ਨੂੰ ਛੁੜਾਕੇ ਔਰ ਦਿੱਲੀ ਤੋਂ ਚੰਦੂ ਦੁਸ਼ਟ ਨੂੰ ਗਿਰਫ਼ਤਾਰ ਕਰਕੇ ਨੱਕ ਵਿਚ ਨਕੇਲ ਪਾ ਕੇ ਬਿਧੀ ਚੰਦ ਜੀ ਦੇ ਸਪੁਰਦ ਕੀਤਾ ਸੀ, ਨਾਲ ਲੈ ਕੇ ਅੰਮ੍ਰਿਤਸਰ ਜੀ ਜਦ ਆਏ ਸਨ, ਨਗ੍ਰ ਨਿਵਾਸੀ ਔਰ ਮਾਝੇ, ਮਾਲਵੇ ਔਰ ਦੁਆਬੇ ਦੇ ਬੇਅੰਤ ਸੰਗਤਾਂ ਇਕੱਤਰ ਹੋ ਕਰ ਕੇ ਇਸ ਖ਼ੁਸ਼ੀ ਵਿਚ ਦੀਪਮਾਲਾ ਕੀਤੀ ਸੀ । ਇਸੀ ਦੀਪਮਾਲਾ ਦੇ ਜੋੜ ਮੇਲੇ ਦੇ ਬਦਲੇ ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਾਏ ਸੀ ਔਰ ਮਹਾਨ ਕੁਰਬਾਨੀ ਦਿੱਤੀ ਸੀ । ਇਸ ਕਰਕੇ ਸਾਧ ਸੰਗਤ ਜੀਓ, ਦੀਵਾਲੀ ਨਾਲ ਗੁਰੂ ਘਰ ਦਾ, ਗੁਰ ਇਤਹਾਸ ਦਾ ਗੂੜ੍ਹਾ ਸੰਬੰਧ ਹੈ । ਔਰ ਮੌਜੂਦਾ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਹਰ ਸਾਲ ਬੇਮਿਸਾਲ ਦੀਵਾਲੀ ਦੀਪਮਾਲਾ ਮਨਾਈ ਜਾਂਦੀ ਹੈ । ਉਸ ਮੌਕੇ ਤੇ ਬੇਮਿਸਾਲ ਦੀਵੇ ਰੌਸ਼ਨੀ ਕੀਤੀ ਜਾਂਦੀ ਹੈ ਔਰ ਭਾਰੀ ਤੈਦਾਦ [੧੬] ਵਿਚ ਆਤਸ਼ਬਾਜ਼ੀ ਚਲਾਈ ਜਾਂਦੀ ਹੈ । ਇਸੀ ਤਰ੍ਹਾਂ ਸ੍ਰੀ ਹਜ਼ੂਰ ਸਾਹਿਬ ਜਥਾ ਸ਼ਕਤ ਮਨਾਈ ਜਾਂਦੀ ਹੈ, ਜਿਸਨੂੰ ਸੁਨ ਕੇ ਪੁੱਛਨ ਵਾਲੇ ਪ੍ਰੇਮੀਆਂ ਦਾ ਸ਼ੰਕਾ ਨਿਵਰਤ ਹੋਯਾ ।

---

[੧੪] 'ਮਹੱਲਾ' । ਇੱਕ ਕਿਸਮ ਦੀ ਨਕਲੀ ਜੰਗ, ਜੋ ਖ਼ਾਲਸਾ ਫ਼ੌਜ ਦੀ ਜੰਗੀ ਮਸ਼ਕ ਹੁੰਦੀ ਸੀ । ਹੁਣ ਵੀ ਸ੍ਰੀ ਅਨੰਦਪੁਰ ਸਾਹਿਬ ਵਿੱਚ 'ਹੋਲਾ' ਦੇ ਤਿਉਹਾਰ 'ਤੇ 'ਮਹੱਲਾ' ਖੇਡਿਆ ਜਾਂਦਾ ਹੈ । ਇਸੇ 'ਮਹੱਲਾ' ਕਾਰਣ ਹੀ, ਇਸ ਤਿਉਹਾਰ ਨੂੰ 'ਹੋਲਾ ਮਹੱਲਾ' ਕਿਹਾ ਜਾਂਦਾ ਹੈ ।

[੧੫] ਅਜੋਕੇ ਭਾਰਤ ਦੇ 'ਮੱਧ ਪ੍ਰਦੇਸ਼' ਸੂਬੇ ਵਿੱਚ ਇੱਕ ਸ਼ਹਿਰ । ਬਾਦਸ਼ਾਹ 'ਜਹਾਂਗੀਰ' ਦੇ ਹੁਕਮ ਨਾਲ ਛੇਵੇਂ ਸਤਿਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਇਸ ਸ਼ਹਿਰ ਦੇ ਕਿਲ੍ਹੇ ਵਿੱਚ ਕੈਦ ਕੀਤਾ ਗਿਆ ਸੀ ।

[੧੬] ਤਅਦਾਦ, ਤਾਦਾਦ, ਗਿਣਤੀ ।